aglasem.com

# SAMPLE PAPER

## Punjab Board

## 2024



**ਦਸਵੀਂ**

# ਖੇਤੀਬਾੜੀ (ਲਿਖਤੀ)

**ਨਮੂਨਾ ਪ੍ਰਸ਼ਨ ਪੱਤਰ**

**ਸਮਾਂ :** $2\frac{1}{2}$ **ਘੰਟੇ** **ਕੁੱਲ ਅੰਕ : 50 ਅੰਕ**

**ਨੋਟ :** ਸਾਰੇ ਪ੍ਰਸ਼ਨ ਜ਼ਰੂਰੀ ਹਨ ।

**ਭਾਗ - I**

**1. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ:**

(i) ਦੁੱਧ ਦੀ ਖ਼ਰੀਦ ਅਤੇ ਮੰਡੀਕਰਨ ਲਈ ਸਥਾਪਿਤ ਕੀਤੀ ਗਈ ਸੰਸਥਾ ਦਾ ਨਾਂ ਕੀ ਹੈ ?

(ੳ) ਹਾਊਸਫੈਡ (ਅ) ਮਾਰਕਫੈਡ (ੲ) ਮਿਲਕਫੈਡ (ਸ) ਪਨਸੀਡ **1**

(ii) ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਕਿਸ ਸ਼ਹਿਰ ਵਿੱਚ ਸਥਾਪਿਤ ਹੈ ?

(ੳ) ਚੰਡੀਗੜ੍ਹ (ਅ) ਲੁਧਿਆਣਾ (ੲ) ਜਲੰਧਰ (ਸ) ਪਟਿਆਲਾ **1**

(iii) ਗਾਜਰ ਦੀ ਪੰਜਾਬ ਬਲੈਕ ਬਿਊਟੀ ਕਿਸਮ ਦਾ ਰੰਗ ਕਿਹੋ ਜਿਹਾ ਹੁੰਦਾ ਹੈ ?

(ੳ) ਕਾਲਾ (ਅ) ਨੀਲਾ (ੲ) ਪੀਲਾ (ਸ) ਹਰਾ **1**

(iv) ਫਲ਼ਦਾਰ ਬੂਟੇ ਲਗਾਉਣ ਲਈ ਟੋਆ ਕਿੰਨਾ ਡੂੰਘਾ ਪੁੱਟਣਾ ਚਾਹੀਦਾ ਹੈ ?

(ੳ) 1 ਸੈਂਟੀਮੀਟਰ (ਅ) 1 ਇੰਚ (ੲ) 1 ਫੁੱਟ (ਸ) 1 ਮੀਟਰ **1**

(v) ਪ੍ਰੋਸੈਸਿੰਗ ਦੌਰਾਨ 100 ਕਿਲੋ ਕੱਚੀ ਹਲਦੀ ਤੋਂ ਕਿੰਨਾ ਹਲਦੀ ਪਾਊਡਰ ਤਿਆਰ ਕੀਤਾ ਜਾ ਸਕਦਾ ਹੈ ?

(ੳ) 15-20 ਕਿੱਲੋ (ਅ) 45-50 ਕਿੱਲੋ (ੲ) 65-70 ਕਿੱਲੋ (ਸ) 85-90 ਕਿੱਲੋ **1**

(vi) ਤਸਦੀਕਸ਼ੁਦਾ ਬੀਜ ਦੇ ਥੈਲੇ ਉੱਪਰ ਕਿੰਨੇ ਟੈਗ ਲੱਗਦੇ ਹਨ ?

(ੳ) ਚਾਰ (ਅ) ਦੋ (ੲ) ਪੰਜ (ਸ) ਇੱਕ **1**

(vii) ਟਟੀਹਰੀ ਆਪਣਾ ਆਲ੍ਹਣਾ ਕਿੱਥੇ ਬਣਾਉਂਦੀ ਹੈ ?

(ੳ) ਖੋੜ੍ਹਾਂ ਵਿੱਚ (ਅ) ਜ਼ਮੀਨ ਉੱਪਰ (ੲ) ਦਰਖ਼ਤਾਂ ਉੱਪਰ (ਸ) ਇਮਾਰਤਾਂ ਵਿੱਚ **1**

**1 ਅੰਕ × 7 = 7 ਅੰਕ**

**2. ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

(i) ਕੌਮੀ ਬਾਗ਼ਬਾਨੀ ਮਿਸ਼ਨ ਦੀਆਂ ਸਕੀਮਾਂ .................... ਵਿਭਾਗ ਵੱਲੋਂ ਲਾਗੂ ਕੀਤੀਆਂ ਜਾਂਦੀਆਂ ਹਨ ।

(ਬਾਗ਼ਬਾਨੀ / ਮੱਛੀ ਪਾਲਣ) **1**

(ii) ..................... ਨੂੰ ਚਾਰਿਆਂ ਦਾ ਬਾਦਸ਼ਾਹ ਕਿਹਾ ਜਾਂਦਾ ਹੈ । (ਢੋਨੇ / ਬਰਸੀਮ) **1**

(iii) ਬਾਗਾਂ ਨੂੰ ਦੇਸੀ ਰੂੜੀ ..................... ਮਹੀਨੇ ਵਿੱਚ ਪਾਉਣੀ ਚਾਹੀਦੀ ਹੈ । (ਦਸੰਬਰ / ਜੂਨ) **1**

(iv) ਪੰਜਾਬ ਦੇ ਦੱਖਣ-ਪੱਛਮੀ ਜ਼ੋਨ ਵਿੱਚ ਧਰਤੀ ਹੇਠਲਾ ਪਾਣੀ .................. ਹੈ । (ਮਿੱਠਾ / ਖਾਰਾ) **1**

(v) ਭਾਰਤ ਦੀ ਦੋ-ਤਿਹਾਈ ਤੋਂ ਵੱਧ ਅਬਾਦੀ ................... ਵਿੱਚ ਵੱਸਦੀ ਹੈ । (ਪਿੰਡਾਂ / ਸ਼ਹਿਰਾਂ) **1**



schools.aglasem.com
aglasem.com

(vi) ਬੀਜ ਸਾਫ਼ ਕਰਨ ਵਾਲੀ ਮਸ਼ੀਨ ਨੂੰ ਸੀਡ .................. ਕਹਿੰਦੇ ਹਨ । (ਗਰੇਡਰ / ਡਰਿੱਲ) 1

(vii) ................ ਦੀ ਸਹਾਇਤਾ ਨਾਲ਼ ਸਲਾਈਡਾਂ ਤੋਂ ਚਿੱਤਰ ਵੇਖੇ ਜਾ ਸਕਦੇ ਹਨ । (ਇਨਕੁਬੇਟਰ / ਪ੍ਰੋਜੈਕਟਰ) 1

**1 ਅੰਕ × 7 = 7 ਅੰਕ**

**3. ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

(i) ਪੀ. ਏ. ਯੂ. ਦੇ ਖੇਤੀਬਾੜੀ ਮੌਸਮ ਵਿਭਾਗ ਵੱਲੋਂ ਕਿਸਾਨਾਂ ਨੂੰ ਮੌਸਮ ਦੀ ਜਾਣਕਾਰੀ ਦਿੱਤੀ ਜਾਂਦੀ ਹੈ । 1

(ii) ਕਣਕ ਨੂੰ ਗੁੱਲੀ ਡੰਡਾ ਨਦੀਨ ਕੋਈ ਨੁਕਸਾਨ ਨਹੀਂ ਪਹੁੰਚਾਉਂਦਾ ਹੈ । 1

(iii) ਬਰੋਕਲੀ ਦੀ ਉੱਨਤ ਕਿਸਮ ਪੰਜਾਬ ਬਰੋਕਲੀ - 1 ਹੈ । 1

(iv) ਪੰਜਾਬ ਵਿੱਚ ਵਣ ਅਤੇ ਰੁੱਖਾਂ ਹੇਠ 20 ਪ੍ਰਤੀਸ਼ਤ ਰਕਬਾ ਹੈ । 1

(v) ਖੰਡ ਉਦਯੋਗ ਲਈ ਕੱਚਾ ਮਾਲ ਗੰਨੇ ਤੋਂ ਮਿਲਦਾ ਹੈ । 1

(vi) ਮੈਕਸੀਕਨ ਕਣਕ ਦਾ ਕੱਦ ਮਧਰਾ ਹੁੰਦਾ ਹੈ । 1

**1 ਅੰਕ × 6 = 6 ਅੰਕ**

## ਭਾਗ - II

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

**4.** ਇਫਕੋ ਵੱਲੋਂ ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਕੋਈ ਦੋ ਸਹੂਲਤਾਂ ਲਿਖੋ । 2

**5.** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕਿਹੜੀਆਂ ਦੋ ਫ਼ਸਲਾਂ ਲਈ ਢੱਕਵੀਂ (Protected) ਖੇਤੀ ਤਕਨੀਕ ਵਿਕਸਿਤ ਕੀਤੀ ਗਈ ? 2

**6.** ਪਨੀਰੀ ਨਾਲ਼ ਲਗਾਈਆਂ ਜਾਣ ਵਾਲੀਆਂ ਕਿਸੇ ਦੋ ਸਬਜ਼ੀਆਂ ਦੇ ਨਾਂ ਲਿਖੋ । 2

**7.** ਕਿਸੇ ਦੋ ਪੱਤਝੜੀ ਫਲ਼ਦਾਰ ਪੌਦਿਆਂ ਦੇ ਨਾਂ ਲਿਖੋ । 2

**8.** ਐਗਰੋ ਪ੍ਰੋਸੈਸਿੰਗ ਕੰਪਲੈਕਸ ਵਿੱਚ ਲੱਗਣ ਵਾਲੀਆਂ ਕੋਈ ਦੋ ਮਸ਼ੀਨਾਂ ਦੇ ਨਾਂ ਲਿਖੋ । 2

**9.** ਨਰਮੇ ਦੀ ਫ਼ਸਲ ਦੇ ਕੋਈ ਦੋ ਜੱਦੀ-ਪੁਸ਼ਤੀ ਗੁਣ ਲਿਖੋ । 2

**10.** ਪਲਾਂਟ ਕਲੀਨਿਕ ਵਿੱਚ ਵਰਤੇ ਜਾਣ ਵਾਲੇ ਕੋਈ ਦੋ ਉਪਕਰਣਾਂ ਦੇ ਨਾਂ ਲਿਖੋ । 2

**2 ਅੰਕ × 7 = 14 ਅੰਕ**

## ਭਾਗ - III

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਵਾਕਾਂ ਵਿੱਚ ਦਿਓ :**

**11.** ਡੇਅਰੀ ਵਿਕਾਸ ਵਿਭਾਗ ਵੱਲੋਂ ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਕੋਈ ਚਾਰ ਸਹੂਲਤਾਂ ਲਿਖੋ । 4

ਜਾਂ

ਕਣਕ ਦੀ ਬਿਜਾਈ ਦਾ ਸਮਾਂ ਅਤੇ ਤਰੀਕਾ ਲਿਖੋ । 4

**12.** ਫੁੱਲ ਗੋਭੀ ਦੀ ਅਗੇਤੀ ਫ਼ਸਲ ਲਈ ਪਨੀਰੀ ਬੀਜਣ ਦਾ ਸਮਾਂ, ਪ੍ਰਤੀ ਏਕੜ ਬੀਜ ਦੀ ਮਾਤਰਾ, ਫ਼ਾਸਲਾ ਅਤੇ ਸਿੰਚਾਈ ਬਾਰੇ ਲਿਖੋ । 4



schools.aglasem.com
aglasem.com

ਜਾਂ

ਫਲ਼ ਤੋੜਨ ਸਮੇਂ ਧਿਆਨ ਰੱਖਣ ਯੋਗ ਕੋਈ ਚਾਰ ਗੱਲਾਂ ਲਿਖੋ। **4**

**13.** ਭਾਰਤ ਵਿੱਚ ਹਰੀ ਕ੍ਰਾਂਤੀ ਆਉਣ ਦੇ ਕੋਈ ਚਾਰ ਕਾਰਨ ਲਿਖੋ। **4**

ਜਾਂ

ਪਿੰਡਾਂ ਵਿੱਚ ਖੇਤੀ ਅਧਾਰਿਤ ਧੰਦੇ ਸ਼ੁਰੂ ਕਰਨ ਦੇ ਕੋਈ ਚਾਰ ਲਾਭ ਲਿਖੋ। **4**

**14.** ਚੂਹਿਆਂ ਲਈ ਜ਼ਹਿਰੀਲਾ ਚੋਗੇ ਦੀ ਵਰਤੋਂ ਸਬੰਧੀ ਕੋਈ ਚਾਰ ਸਾਵਧਾਨੀਆਂ ਲਿਖੋ। **4**

ਜਾਂ

ਪਲਾਂਟ ਕਲੀਨਿਕ ਦੇ ਕੋਈ ਚਾਰ ਲਾਭ ਲਿਖੋ। **4**

**4 ਅੰਕ × 4 = 16 ਅੰਕ**

schools.aglasem.com



AglaSem Earn while Learn Program. Send your papers and get paid.
Contact: support@aglasem.com
aglasem.com